CDTFA

# ਕੈਲੀਫੋਰਨੀਆ ਵਿੱਚ ਵਿਕਰੀਆਂ ਕਰਨਾ

### ਕੈਲੀਫੋਰਨੀਆ ਡਿਪਾਰਟਮੈਂਟ ਆਫ ਟੈਕਸ ਐਂਡ ਫੀ ਐਡਿਮਿਨਿਸਟ੍ਰੇਸ਼ਨ ਨਾਲ ਜਾਣ-ਪਛਾਣ



▶ ਕੈਲੀਫੋਰਨੀਆ ਵਿੱਚ California Department of Tax and Fee Administration (ਕੈਲੀਫੋਰਨੀਆ ਟੈਕਸ ਅਤੇ ਫੀਸ ਪ੍ਰਸ਼ਾਸਨ ਵਿਭਾਗ,CDTFA) 41 ਟੈਕਸ ਅਤੇ ਫੀਸ ਪ੍ਰੋਗਰਾਮਾਂ ਦਾ ਪ੍ਰਬੰਧਨ ਕਰਦਾ ਹੈ। ਸਾਡਾ ਮਿਸ਼ਨ ਹੈ ਵਾਜਬ ਅਤੇ ਸੁਯੋਗ ਤਰੀਕੇ ਨਾਲ ਉਸ ਮਾਲੀਏ ਨੂੰ ਇਕੱਤਰ ਕਰਕੇ ਕੈਲੀਫੋਰਨੀਆ ਵਾਸੀਆਂ ਲਈ ਜ਼ਿੰਦਗੀ ਬਿਹਤਰ ਬਣਾਉਣਾ ਜੋ ਸਾਡੀਆਂ ਜ਼ਰੂਰੀ ਜਨਤਕ ਸੇਵਾਵਾਂ ਦੀ ਸਹਾਇਤਾ ਕਰਦਾ ਹੈ। ਅਸੀਂ ਤੁਹਾਡਾ ਅਤੇ ਤੁਹਾਡੇ ਨਵੇਂ ਕਾਰੋਬਾਰ ਦਾ ਸਵਾਗਤ ਕਰਦੇ ਹਾਂ। ਸਾਡੇ ਪ੍ਰਾਂਤ ਦਾ ਉਦਯੋਗਪਤੀਆਂ ਅਤੇ ਖੁਸ਼ਹਾਲ ਉੱਦਮਾਂ ਦਾ ਅਮੀਰ ਇਤਿਹਾਸ ਹੈ ਅਤੇ ਅਸੀਂ ਤੁਹਾਡੇ ਵਾਸਤੇ ਵੀ ਓਨੀ ਹੀ ਸਫਲਤਾ ਦੀ ਕਾਮਨਾ ਕਰਦੇ ਹਾਂ। ਇਹ ਪ੍ਰਕਾਸ਼ਨਾ ਉਹਨਾਂ ਕੁਝ ਕਨੂੰਨੀ ਲੋੜਾਂ ਨੂੰ ਦਰਸਾਉਣ ਲਈ ਇੱਕ ਝਟਪਟ ਗਾਈਡ ਹੈ ਜੋ ਉਸ ਸਮੇਂ ਤੁਹਾਡੇ 'ਤੇ ਲਾਗੂ ਹੁੰਦੀਆਂ ਹਨ ਜਦ ਤੁਸੀਂ ਕੈਲੀਫੋਰਨੀਆ ਵਿੱਚ ਵਿਕਰੀਆਂ ਕਰਦੇ ਹੋ। ਸਾਡੇ ਪ੍ਰਾਂਤ ਦੇ ਕਾਰੋਬਾਰੀ ਨਿਯਮ ਅਤੇ ਟੈਕਸ ਕਨੂੰਨ ਗੁੰਝਲਦਾਰ ਹਨ ਅਤੇ ਇਹ ਇੱਕ ਵਿਸਤਰਿਤ ਗਾਈਡ ਨਹੀਂ ਹੈ। ਅਸੀਂ ਤੁਹਾਡੇ ਕੋਲ ਹੋ ਸਕਦੇ ਕਿਸੇ ਵੀ ਕਾਰੋਬਾਰੀ ਟੈਕਸ ਸੰਬੰਧੀ ਸਵਾਲਾਂ ਦੇ ਜਵਾਬ ਦੇਣ ਲਈ ਮੌਜੂਦ ਹਾਂ। ਸਾਡੇ ਅਮਲੇ ਵਿੱਚੋਂ ਕਈ ਲੋਕ ਅੰਗਰੇਜ਼ੀ ਤੋਂ ਬਿਨਾਂ ਹੋਰ ਭਾਸ਼ਾਵਾਂ ਬੋਲਦੇ ਹਨ ਅਤੇ ਅਗਾਊਂ ਬੇਨਤੀ ਕਰਨ 'ਤੇ, ਅਸੀਂ ਇਹ ਯਕੀਨੀ ਬਣਾਉਣ ਦੀ ਹਰ ਕੋਸ਼ਿਸ਼ ਕਰਾਂਗੇ ਕਿ ਤੁਹਾਡੀ ਭਾਸ਼ਾ ਬੋਲਣ ਵਾਲਾ ਕੋਈ ਵਿਅਕਤੀ ਤੁਹਾਡੀ ਮਦਦ ਕਰਨ ਲਈ ਉਪਲਬਧ ਹੋਵੇ।

## ਕੈਲੀਫੋਰਨੀਆ ਵਿਕਰੇਤਾ ਪਰਮਿਟ

ਕੈਲੀਫੋਰਨੀਆ ਵਿਕਰੇਤਾ ਪਰਮਿਟ (Seller's Permit) ਤੁਹਾਨੂੰ ਥੋਕ ਜਾਂ ਪ੍ਰਚੂਨ ਪੱਧਰ 'ਤੇ ਚੀਜ਼ਾਂ ਵੇਚਣ ਦੀ ਆਗਿਆ ਦਿੰਦਾ ਹੈ। ਤੁਸੀਂ ਵਿਕਰੇਤਾ ਪਰਮਿਟ ਉਸ ਸਮੇਂ ਪ੍ਰਾਪਤ ਕਰਦੇ ਹੋ ਜਦ ਤੁਸੀਂ ਸਾਡੇ ਕੋਲ ਪੰਜੀਕਰਨ (registration) ਕਰਦੇ ਹੋ। ਆਮ ਤੌਰ 'ਤੇ, ਕੈਲੀਫੋਰਨੀਆ ਵਿੱਚ ਕਨੂੰਨੀ ਤੌਰ 'ਤੇ ਵਪਾਰਕ ਚੀਜ਼ਾਂ, ਗੱਡੀਆਂ, ਜਾਂ ਹੋਰ ਚੀਜ਼ਾਂ ਵੇਚਣ ਅਤੇ/ਜਾਂ ਪਟੇ 'ਤੇ ਦੇਣ ਲਈ ਤੁਹਾਡੇ ਵਾਸਤੇ ਵਿਕਰੇਤਾ ਪਰਮਿਟ ਹਾਸਲ ਕਰਨਾ ਲਾਜ਼ਮੀ ਹੁੰਦਾ ਹੈ। ਤੁਹਾਡੇ ਵਾਸਤੇ ਇੱਕ ਅਸਥਾਈ ਵਿਕਰੇਤਾ ਪਰਮਿਟ ਲਈ ਅਰਜ਼ੀ ਦੇਣਾ ਲਾਜ਼ਮੀ ਹੈ ਜੇ ਤੁਸੀਂ 90 ਤੋਂ ਵਧੇਰੇ ਦਿਨਾਂ ਲਈ ਵਿਕਰੀਆਂ ਨਹੀਂ ਕਰਦੇ, ਜਿਵੇਂ ਕਿ ਅਕਸਰ ਕ੍ਰਿਸਮਸ ਰੁੱਖ ਜਾਂ ਸ਼ਿਲਪਕਲਾ ਮੇਲੇ ਦੀਆਂ ਵਿਕਰੀਆਂ ਦੇ ਸੰਬੰਧ ਵਿੱਚ ਹੁੰਦਾ ਹੈ।



## ਵਿਕਰੇਤਾ ਪਰਮਿਟ ਬਨਾਮ ਮੁੜ-ਵਿਕਰੀ ਸਰਟੀਫਿਕੇਟ

ਵਿਕਰੇਤਾ ਪਰਮਿਟ ਅਤੇ ਮੁੜ-ਵਿਕਰੀ ਸਰਟੀਫਿਕੇਟ ਦੋ ਵੱਖ-ਵੱਖ ਚੀਜ਼ਾਂ ਹਨ। ਇੱਕ ਵਿਕਰੇਤਾ ਪਰਮਿਟ ਤੁਹਾਨੂੰ ਕੈਲੀਫੋਰਨੀਆ ਵਿੱਚ ਵਿਕਰੀ ਕਰਨ ਦੀ ਆਗਿਆ ਦਿੰਦਾ ਹੈ, ਜਦਕਿ ਮੁੜ-ਵਿਕਰੀ ਸਰਟੀਫਿਕੇਟ ਤੁਹਾਨੂੰ ਉਹ ਚੀਜ਼ਾਂ ਖਰੀਦਣ ਦੀ ਆਗਿਆ ਦਿੰਦਾ ਹੈ ਜੋ ਤੁਸੀਂ ਆਪਣੇ ਸਪਲਾਈ ਕਰਤਾਵਾਂ ਨੂੰ ਟੈਕਸ ਅਦਾ ਕੀਤੇ ਬਗੈਰ ਵੇਚ ਦੇਵੋਂਗੇ। ਇੱਕ ਵਾਰ ਜਦ ਤੁਹਾਨੂੰ ਵਿਕਰੇਤਾ ਪਰਮਿਟ ਮਿਲ ਜਾਂਦਾ ਹੈ, ਤਾਂ ਤੁਸੀਂ ਉਹ ਵਸਤੂਆਂ ਖ਼ਰੀਦਣ ਲਈ ਆਪਣੇ ਸਪਲਾਈ ਕਰਤਾਵਾਂ ਨੂੰ ਮੁੜ-ਵਿਕਰੀ ਸਰਟੀਫਿਕੇਟ ਦੇ ਸਕਦੇ ਹੋ ਜਿਨ੍ਹਾਂ ਨੂੰ ਤੁਸੀਂ ਕਾਰੋਬਾਰ ਦੇ ਸਧਾਰਨ ਚਲਨ ਦੌਰਾਨ ਵੇਚੋਂਗੇ। ਵਿਕਰੇਤਾ ਪਰਮਿਟ *ਖ਼ਰੀਦਣ ਦਾ ਪਰਮਿਟ* ਨਹੀਂ ਹੁੰਦਾ। ਤੁਹਾਨੂੰ ਅਜੇ ਵੀ ਆਪਣੇ ਕਾਰੋਬਾਰ ਵਿੱਚ ਤੁਹਾਡੇ ਵੱਲੋਂ ਵਰਤੀਆਂ ਜਾਂਦੀਆਂ ਸਾਰੀਆਂ ਵਸਤੂਆਂ (ਜਿਵੇਂ ਕਿ ਦਫਤਰੀ ਸਪਲਾਈਆਂ) ਉੱਤੇ ਟੈਕਸ ਅਦਾ ਕਰਨਾ ਪਵੇਗਾ।

## ਵਿਕਰੇਤਾ ਪਰਮਿਟ ਵਾਸਤੇ ਅਰਜ਼ੀ ਦੇਣਾ

ਵਿਕਰੇਤਾ ਪਰਮਿਟ ਵਾਸਤੇ ਅਰਜ਼ੀ ਦੇਣਾ ਮੁਫ਼ਤ ਹੈ। ਤੁਸੀਂ ਸਾਡੀ ਅੱਗੇ ਲਿਖੀ ਵੈੱਬਸਾਈਟ ਦੇ *ਔਨਲਾਈਨ ਸੇਵਾਵਾਂ* ਵਾਲੇ ਸੈਕਸ਼ਨ ਵਿਖੇ ਜਾਕੇ ਵਿਕਰੇਤਾ ਪਰਮਿਟ ਲਈ ਅਰਜ਼ੀ ਦੇ ਸਕਦੇ ਹੋ: *www.cdtfa.ca.gov*. ਆਪਣੀ ਅਰਜ਼ੀ ਭਰਨ ਲਈ, ਤੁਹਾਨੂੰ ਆਪਣੇ ਕਾਰੋਬਾਰ ਬਾਰੇ ਜਾਣਕਾਰੀ ਪ੍ਰਦਾਨ ਕਰਵਾਉਣੀ ਪਵੇਗੀ, ਜਿਸ ਵਿੱਚ ਬੈਂਕ ਖਾਤੇ ਦੇ ਵੇਰਵੇ ਅਤੇ ਅਨੁਮਾਨਿਤ ਆਮਦਨ ਸ਼ਾਮਲ ਹੈ। ਜੇ ਤੁਸੀਂ ਆਪਣੇ ਕਾਰੋਬਾਰ ਨੂੰ ਖ਼ਰੀਦਿਆ ਹੈ, ਤਾਂ ਤੁਹਾਨੂੰ ਪਹਿਲਾਂ ਵਾਲੇ ਮਾਲਕ ਦਾ ਨਾਮ ਅਤੇ ਉਸਦਾ CDTFA ਵਿਕਰੇਤਾ ਪਰਮਿਟ ਨੰਬਰ ਪ੍ਰਦਾਨ ਕਰਵਾਉਣ ਦੀ ਲੋੜ ਪਵੇਗੀ। ਜੇ ਤੁਹਾਨੂੰ ਮਾਰਗ-ਦਰਸ਼ਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਡੇ ਗਾਹਕ ਸੇਵਾ ਕੇਂਦਰ ਨੂੰ 1-800-400-7115 (TTY:711) 'ਤੇ ਕਾਲ ਕਰੋ ਅਤੇ CDTFA ਦਾ ਇੱਕ ਪ੍ਰਤੀਨਿਧ ਤੁਹਾਡੀ ਮਦਦ ਕਰਕੇ ਖੁਸ਼ ਹੋਵੇਗਾ। ਇੱਕ ਵਾਰ ਜਦ ਤੁਸੀਂ ਅਰਜ਼ੀ ਨੂੰ ਭਰ ਦਿੰਦੇ ਹੋ ਅਤੇ ਇਲੈਕਟ੍ਰਾਨਿਕ ਤਰੀਕੇ ਨਾਲ ਸੌਂਪ ਦਿੰਦੇ ਹੋ, ਤਾਂ ਤੁਸੀਂ ਆਪਣੇ ਕਾਰੋਬਾਰ ਦੇ ਟਿਕਾਣੇ 'ਤੇ ਪ੍ਰਦਰਸ਼ਿਤ ਕਰਨ ਵਾਸਤੇ ਆਪਣਾ ਵਿਕਰੇਤਾ ਪਰਮਿਟ ਪ੍ਰਿੰਟ ਕਰਨ ਦੇ ਯੋਗ ਹੋਵੋਂਗੇ। ਤੁਸੀਂ ਕਿਸੇ ਸਥਾਨਕ CDTFA ਫੀਲਡ ਦਫਤਰ ਵਿਖੇ ਖੁਦ ਜਾਕੇ ਵੀ ਵਿਕਰੇਤਾ ਪਰਮਿਟ ਵਾਸਤੇ ਅਰਜ਼ੀ ਦੇ ਸਕਦੇ ਹੋ। ਦਫ਼ਤਰ ਦੇ ਫ਼ੋਨ ਨੰਬਰ ਅਤੇ ਪਤੇ ਤੁਸੀਂ ਸਾਡੀ ਵੈੱਬਸਾਈਟ www.cdtfa.ca.gov/office-locations 'ਤੇ ਲੱਭ ਸਕਦੇ ਹੋ।

## ਟੈਕਸ ਕਲੀਅਰੈਂਸ ਵਾਸਤੇ ਬੇਨਤੀ ਕਰੋ

ਜਿਸ ਕਾਰੋਬਾਰ ਨੂੰ ਤੁਸੀਂ ਖ਼ਰੀਦ ਰਹੇ ਹੋ ਉਸ ਵੱਲ ਬਣਦੇ ਵਿਕਰੀਆਂ ਟੈਕਸ ਅਤੇ ਉਪਯੋਗ ਟੈਕਸ ਨੂੰ ਅਦਾ ਕਰਨ ਤੋਂ ਆਪਣੇ ਆਪ ਨੂੰ ਬਚਾਉਣ ਲਈ, ਤੁਹਾਨੂੰ ਸਾਨੂੰ ਪੱਤਰ ਲਿਖਣਾ ਚਾਹੀਦਾ ਹੈ ਅਤੇ ਇੱਕ ਟੈਕਸ ਕਲੀਅਰੈਂਸ ਸਰਟੀਫਿਕੇਟ ਵਾਸਤੇ ਬੇਨਤੀ ਕਰਨੀ ਚਾਹੀਦੀ ਹੈ। ਆਪਣੀ ਲਿਖਤੀ ਬੇਨਤੀ ਵਿੱਚ, ਤੁਹਾਨੂੰ ਇਹ ਚੀਜ਼ਾਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ:

- ਖ਼ਰੀਦਦਾਰ ਦਾ ਨਾਮ, ਪਤਾ ਅਤੇ ਫ਼ੋਨ ਨੰਬਰ।
- ਵਿਕਰੇਤਾ ਦਾ ਨਾਮ, ਪਤਾ ਅਤੇ ਫ਼ੋਨ ਨੰਬਰ।
- ਕਾਰੋਬਾਰ ਦਾ ਪਤਾ।
- ਵਿਕਰੀ ਜਾਂ ਖ਼ਰੀਦ ਦੇ ਇਕਰਾਰਨਾਮੇ ਦੇ ਬਿੱਲ ਦੀ ਇੱਕ ਕਾਪੀ ਜਿਸ ਵਿੱਚ ਖ਼ਰੀਦ ਮੁੱਲ ਦੀ ਰਕਮ ਲਿਖੀ ਹੋਵੇ।
- ਐਸਕ੍ਰੋਅ (escrow) ਕੰਪਨੀ ਦਾ ਨਾਮ ਅਤੇ ਐਸਕ੍ਰੋਅ ਨੰਬਰ, ਜੇ ਲਾਗੂ ਹੁੰਦਾ ਹੈ।
- ਕਾਰੋਬਾਰ ਨੂੰ ਖ਼ਰੀਦਣ ਦੀ ਤਾਰੀਖ਼।

## ਵਿਕਰੇਤਾ ਪਰਮਿਟ ਧਾਰਕਾਂ ਦੀਆਂ ਜ਼ਿੰਮੇਵਾਰੀਆਂ

ਜਦ ਤੁਹਾਨੂੰ ਵਿਕਰੇਤਾ ਪਰਮਿਟ ਮਿਲ ਜਾਂਦਾ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਨਿਮਨਲਿਖਤ ਚੀਜ਼ਾਂ ਕਰਨੀਆਂ ਚਾਹੀਦੀਆਂ ਹਨ:

- ਇਹ ਸਮਝ ਲਓ ਕਿ ਵਿਕਰੀਆਂ ਅਤੇ ਉਪਯੋਗ ਟੈਕਸ ਕਨੂੰਨ ਤੁਹਾਡੇ ਕਾਰੋਬਾਰ ਦੇ ਆਪਰੇਸ਼ਨਾਂ ਉੱਤੇ ਕਿਵੇਂ ਲਾਗੂ ਹੁੰਦਾ ਹੈ।
- ਆਪਣੀਆਂ ਵਿਕਰੀਆਂ ਅਤੇ ਖ਼ਰੀਦਾਂ ਨੂੰ ਦਸਤਾਵੇਜ਼ਬੱਧ ਕਰਦੇ ਹੋਏ ਉਚਿਤ ਰਿਕਾਰਡ ਰੱਖੋ (ਹੇਠਾਂ *ਰਿਕਾਰਡ ਰੱਖਣਾ* ਦੇਖੋ)।
- ਨਿਯਤ ਸਮੇਂ 'ਤੇ ਵਿਕਰੀਆਂ ਅਤੇ ਉਪਯੋਗ ਟੈਕਸ ਰਿਟਰਨਾਂ ਸਾਡੇ ਕੋਲ ਔਨਲਾਈਨ ਦਾਇਰ ਕਰੋ। ਇੱਕ ਵਾਰ ਜਦ ਤੁਸੀਂ ਆਪਣੇ ਵਿਕਰੇਤਾ ਪਰਮਿਟ ਵਾਸਤੇ ਔਨਲਾਈਨ ਪੰਜੀਕਰਨ ਪੂਰਾ ਕਰ ਲੈਂਦੇ ਹੋ ਤਾਂ ਅਨੁਮਾਨਿਤ ਵਿਕਰੀਆਂ ਦੇ ਆਧਾਰ 'ਤੇ ਤੁਹਾਨੂੰ ਰਿਟਰਨ ਦਾਇਰ ਕਰਨ ਲਈ ਮਾਸਿਕ, ਤਿਮਾਹੀ, ਜਾਂ ਸਾਲਾਨਾ ਸਮਾਂ-ਸਾਰਣੀ ਦਿੱਤੀ ਜਾਵੇਗੀ।
- ਆਪਣੀਆਂ ਵਿਕਰੀਆਂ ਅਤੇ ਖ਼ਰੀਦਾਂ ਉੱਤੇ ਬਣਦਾ ਵਿਕਰੀ ਜਾਂ ਉਪਯੋਗ ਟੈਕਸ ਅਦਾ ਕਰੋ।

## ਰਿਕਾਰਡ ਰੱਖਣਾ

ਘੱਟੋ-ਘੱਟ ਚਾਰ ਸਾਲਾਂ ਲਈ ਟੈਕਸ ਦੀ ਸਹੀ ਰਕਮ ਦਰਸਾਉਣ ਵਾਸਤੇ ਤੁਹਾਡੇ ਵਾਸਤੇ ਰਿਕਾਰਡ ਰੱਖਣਾ ਲਾਜ਼ਮੀ ਹੈ। ਤੁਹਾਡੇ ਵੱਲੋਂ ਰੱਖੇ ਜਾਣ ਵਾਲੇ ਰਿਕਾਰਡਾਂ ਦੀਆਂ ਉਦਾਹਰਨਾਂ ਵਿੱਚ ਇਹ ਸ਼ਾਮਲ ਹੋਣੀਆਂ ਚਾਹੀਦੀਆਂ ਹਨ:

- ਖਾਤੇ ਦੀਆਂ ਵਹੀਆਂ ਜੋ ਤੁਹਾਡੀ ਆਮਦਨ ਅਤੇ ਖ਼ਰਚਿਆਂ ਦਾ ਸਾਰ ਦਿੰਦੀਆਂ ਹਨ ਜਿਵੇਂ ਕਿ ਤੁਹਾਡਾ ਆਮ ਵਹੀ-ਖਾਤਾ ਅਤੇ ਜਰਨਲ (journals)। ਇਸ ਜਾਣਕਾਰੀ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਸਟੋਰ ਕੀਤਾ ਜਾ ਸਕਦਾ ਹੈ।
- ਮੂਲ ਰਿਕਾਰਡ ਜੋ ਤੁਹਾਡੇ ਵਹੀ ਖਾਤਿਆਂ ਵਿਚਲੀਆਂ ਐਂਟਰੀਆਂ ਦਾ ਸਮਰਥਨ ਕਰਦੇ ਹਨ ਜਿਵੇਂ ਕਿ ਬਿੱਲ, ਰਸੀਦਾਂ, ਇਨਵੌਇਸ, ਕਾਰਜ ਆਦੇਸ਼, ਇਕਰਾਰਨਾਮੇ, ਜਾਂ ਹੋਰ ਦਸਤਾਵੇਜ਼।
- ਤੁਹਾਡੀਆਂ ਟੈਕਸ ਰਿਟਰਨਾਂ ਨੂੰ ਤਿਆਰ ਕਰਨ ਲਈ ਵਰਤੇ ਗਏ ਦਸਤਾਵੇਜ਼ ਅਤੇ ਵਰਕਸ਼ੀਟਾਂ।
- ਮੁੜ-ਵਿਕਰੀ ਸਰਟੀਫਿਕੇਟ ਜੋ ਤੁਸੀਂ ਆਪਣੇ ਗਾਹਕਾਂ ਕੋਲੋਂ ਸਵੀਕਾਰ ਕੀਤੇ।

## ਤੁਹਾਡੇ ਰਿਕਾਰਡਾਂ ਵਾਸਤੇ ਨਿਮਨਲਿਖਤ ਚੀਜ਼ਾਂ ਨੂੰ ਦਿਖਾਉਣਾ ਲਾਜ਼ਮੀ ਹੈ:

- ਕਾਰੋਬਾਰ ਤੋਂ ਹੋਈ ਸਾਰੀ ਆਮਦਨ ਦੀਆਂ ਕੁੱਲ ਰਸੀਦਾਂ, ਜਿਸ ਵਿੱਚ ਵਪਾਰਕ ਵਸਤੂਆਂ ਦੀ ਵਿਕਰੀ ਅਤੇ ਪਟੇ ਅਤੇ ਉਹ ਆਮਦਨ ਵੀ ਸ਼ਾਮਲ ਹੈ ਜਿਸ ਨੂੰ ਤੁਸੀਂ ਟੈਕਸ ਮੁਕਤ ਮੰਨ ਸਕਦੇ ਹੋ।
- ਤੁਹਾਡੀਆਂ ਟੈਕਸ ਰਿਟਰਨਾਂ ਉੱਤੇ ਦਾਅਵਾ ਕੀਤੀਆਂ ਸਾਰੀਆਂ ਕਟੌਤੀਆਂ।
- ਖ਼ਰੀਦੀਆਂ ਗਈਆਂ ਸਾਰੀਆਂ ਚੀਜ਼ਾਂ ਦਾ ਕੁੱਲ ਖ਼ਰੀਦ ਮੁੱਲ।

## ਤੁਹਾਡੇ ਕਾਰੋਬਾਰ ਵਾਸਤੇ ਹੋਰ ਵਾਧੂ ਲੋੜਾਂ

ਵਿਕਰੇਤਾ ਪਰਮਿਟ ਵਾਸਤੇ ਪੰਜੀਕਰਨ ਕਰਨ ਤੋਂ ਇਲਾਵਾ, ਤੁਹਾਨੂੰ ਸਾਡੇ ਵੱਲੋਂ ਸੰਚਾਲਿਤ ਕੀਤੇ ਜਾਂਦੇ ਹੋਰ ਟੈਕਸ ਅਤੇ ਫੀਸ ਪ੍ਰੋਗਰਾਮਾਂ ਲਈ ਪੰਜੀਕਰਨ ਕਰਨ ਦੀ ਲੋੜ ਪੈ ਸਕਦੀ ਹੈ (ਉਦਾਹਰਨ ਲਈ, ਕੈਲੀਫੋਰਨੀਆ ਟਾਇਰ ਫੀਸ, ਇਲੈਕਟ੍ਰਾਨਿਕ ਕਚਰੇ ਨੂੰ ਨਵਿਆਉਣ ਦੀ ਫੀਸ ਜਾਂ ਸਿਗਰਟ ਅਤੇ ਤੰਬਾਕੂ ਲਾਇਸੰਸ ਪ੍ਰੋਗਰਾਮ)। ਆਪਣੇ ਕਾਰੋਬਾਰ ਨੂੰ ਚਲਾਉਣ ਲਈ ਤੁਹਾਨੂੰ ਹੋਰ ਲਾਇਸੰਸ, ਪਰਮਿਟ, ਜਾਂ ਦਸਤਾਵੇਜ਼ ਹਾਸਲ ਕਰਨ ਦੀ ਲੋੜ ਵੀ ਪੈ ਸਕਦੀ ਹੈ। CalGold ਵੈੱਬਸਾਈਟ, *www.calgold.ca.gov*, ਤੁਹਾਡੇ ਕਾਰੋਬਾਰ ਵਾਸਤੇ ਉਚਿਤ ਪਰਮਿਟ ਜਾਣਕਾਰੀ ਲੱਭਣ ਵਾਸਤੇ ਸ਼ੁਰੂਆਤ ਕਰਨ ਲਈ ਸ਼ਾਨਦਾਰ ਸਥਾਨ ਹੈ। ਚੈਂਬਰਜ਼ ਆਫ ਕਾਮਰਸ, ਆਰਥਿਕ ਵਿਕਾਸ ਸੰਗਠਨ, ਅਤੇ ਕਾਰੋਬਾਰੀ ਸੰਗਠਨ ਵੀ ਜਾਣਕਾਰੀ ਦੇ ਵਧੀਆ ਸਰੋਤ ਹਨ। ਅਕਸਰ ਕਿਸੇ ਸ਼ਹਿਰ ਜਾਂ ਕਾਉਂਟੀ ਦਾ ਕਾਰੋਬਾਰੀ ਲਾਇਸੰਸ ਦੇਣ ਵਾਲਾ ਵਿਭਾਗ ਤੁਹਾਡੀ ਮਦਦ ਕਰ ਸਕਦਾ ਹੈ, ਜਾਂ ਤੁਸੀਂ ਸਹਾਇਤਾ ਵਾਸਤੇ ਸਾਨੂੰ ਕਾਲ ਕਰ ਸਕਦੇ ਹੋ।

## ਟੈਕਸਪੇਅਰਜ਼' ਰਾਈਟਸ ਐਡਵੋਕੇਟ

ਕੈਲੀਫੋਰਨੀਆ ਦੇ ਇੱਕ ਟੈਕਸਦਾਤਾ ਵਜੋਂ, ਤੁਹਾਡੇ ਕੋਲ ਕਈ ਅਧਿਕਾਰ ਹਨ, ਜਿਵੇਂ ਕਿ ਗੁਪਤਤਾ ਦਾ ਅਧਿਕਾਰ, ਵਾਜਬ ਤਰੀਕੇ ਨਾਲ ਵਿਵਹਾਰ ਕੀਤੇ ਜਾਣ ਦਾ ਅਧਿਕਾਰ, ਅਤੇ ਸਾਡੇ ਵੱਲੋਂ ਕੀਤੀਆਂ ਕਾਰਵਾਈਆਂ ਖਿਲਾਫ ਅਪੀਲ ਦਾ ਅਧਿਕਾਰ। ਜੇ CDTFA ਵਿਖੇ ਸਾਧਾਰਨ ਚੈਨਲਾਂ ਰਾਹੀਂ ਆਪਣੇ ਸ਼ੰਕਿਆਂ ਦਾ ਨਿਪਟਾਰਾ ਕਰਨ ਵਿੱਚ ਤੁਹਾਨੂੰ ਸਹਾਇਤਾ ਦੀ ਲੋੜ ਹੈ, ਜਾਂ ਜੇ ਸਾਡੇ ਵੱਲੋਂ ਸੰਚਾਲਿਤ ਕੀਤੇ ਜਾਂਦੇ ਕਿਸੇ ਵੀ ਟੈਕਸ ਜਾਂ ਫੀਸ ਪ੍ਰੋਗਰਾਮਾਂ ਤਹਿਤ ਆਪਣੇ ਅਧਿਕਾਰਾਂ ਬਾਰੇ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ ਤਾਂ ਤੁਸੀਂ ਸਾਡੇ ਟੈਕਸਪੇਅਰਜ਼ ਰਾਈਟਸ ਐਡਵੋਕੇਟ ਆਫਿਸ ਨੂੰ ਟੌਲ-ਫ੍ਰੀ 1-888-324-2798 'ਤੇ ਕਾਲ ਕਰ ਸਕਦੇ ਹੋ।

## ਵਧੇਰੇ ਜਾਣਕਾਰੀ ਵਾਸਤੇ

ਜੇ ਤੁਹਾਨੂੰ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ ਤਾਂ ਕਿਰਪਾ ਕਰਕੇ ਆਪਣੇ ਸਥਾਨਕ CDTFA ਦਫਤਰ ਨੂੰ ਕਾਲ ਕਰੋ। ਜੇ ਤੁਸੀਂ ਤਰਜੀਹ ਦਿੰਦੇ ਹੋ, ਤਾਂ ਤੁਸੀਂ ਆਪਣਾ ਖੁਦ ਦਾ ਦੁਭਾਸ਼ੀਆ ਨਾਲ ਲਿਆ ਸਕਦੇ ਹੋ। ਅਸੀਂ ਤੁਹਾਡੇ ਨਾਲ ਸਪੱਸ਼ਟ ਸੰਚਾਰ ਕਰਨ ਦੀ ਹਰ ਕੋਸ਼ਿਸ਼ ਕਰਾਂਗੇ। ਜੇ ਤੁਹਾਡੇ ਕੋਲ ਇਸ ਬਾਰੇ ਸੁਝਾਅ ਹਨ ਕਿ ਅਸੀਂ ਆਪਣੀਆਂ ਸੇਵਾਵਾਂ ਵਿੱਚ ਕਿਵੇਂ ਸੁਧਾਰ ਕਰ ਸਕਦੇ ਹਾਂ, ਤਾਂ ਕਿਰਪਾ ਕਰਕੇ ਸਾਨੂੰ ਦੱਸੋ।

ਇਹ ਪ੍ਰਕਾਸ਼ਨਾ ਉਸ ਵਕਤ ਦੇ ਕਨੂੰਨ ਅਤੇ ਲਾਗੂ ਹੋਣ ਵਾਲੇ ਅਧਿਨਿਯਮਾਂ ਦਾ ਸਾਰ ਦਿੰਦੀ ਹੈ ਜੋ ਪ੍ਰਕਾਸ਼ਨਾ ਦੇ ਲਿਖੇ ਜਾਣ ਤੱਕ ਲਾਗੂ ਸਨ। ਹਾਲਾਂਕਿ, ਤਦ ਤੋਂ ਲੈਕੇ ਕਨੂੰਨ ਜਾਂ ਅਧਿਨਿਯਮਾਂ ਵਿੱਚ ਤਬਦੀਲੀਆਂ ਹੋਈਆਂ ਹੋ ਸਕਦੀਆਂ ਹਨ। ਜੇ ਇਸ ਪ੍ਰਕਾਸ਼ਨਾ ਵਿਚਲੀ ਲਿਖਤ ਅਤੇ ਕਨੂੰਨ ਵਿੱਚ ਕੋਈ ਵਿਵਾਦ ਹੈ, ਤਾਂ ਫੈਸਲੇ ਕਨੂੰਨ ਦੇ ਆਧਾਰ 'ਤੇ ਹੋਣਗੇ ਨਾ ਕਿ ਇਸ ਪ੍ਰਕਾਸ਼ਨਾ ਦੇ ਆਧਾਰ 'ਤੇ।

